**ਵਿਸ਼ਾ :-ਪੰਜਾਬੀ** **ਜਮਾਤ ਨੌਵੀਂ /ਦਸਵੀਂ**

**ਉੱਪ-ਵਿਸ਼ਾ:- ਪੱਤਰ- ਬੱਸ ਸੇਵਾ ਨਿਯਮਤ ਕਰਵਾਉਣ ਸੰਬੰਧੀ।**

ਪੰਜਾਬ ਰੋਡਵੇਜ਼/ਪੀ. ਆਰ. ਟੀ. ਸੀ. ਦੇ ਮੈਨੇਜਰ ਨੂੰ ਇੱਕ ਬਿਨੈ- ਪੱਤਰ ਲਿਖੋ, ਜਿਸ ਵਿਚ ਆਪਣੇ ਪਿੰਡ/ ਸ਼ਹਿਰ ਤੱਕ ਬੱਸ ਸੇਵਾ ਨਿਯਮਤ ਬਣਾਉਣ ਦੀ ਬੇਨਤੀ ਕੀਤੀ ਗਈ ਹੋਵੇ।

ਪਿੰਡ ਤੇ ਡਾਕ: ਸੁਦਾਣਾ,
ਜ਼ਿਲਾ ਜਲੰਧਰ।
18 ਫਰਵਰੀ ,20...

ਸੇਵਾ ਵਿਖੇ

ਮੈਨੇਜਰ ਸਾਹਿਬ,
ਪੰਜਾਬ ਰੋਡਵੇਜ਼,
ਜਲੰਧਰ।

**ਵਿਸ਼ਾ** :- ਪਿੰਡ ਤੱਕ ਬੱਸ ਸੇਵਾ ਦੀ ਬੇਕਾਇਦਗੀ ਬਾਰੇ।
ਸ੍ਰੀ ਮਾਨ ਜੀ,

ਸਨਿਮਰ ਬੇਨਤੀ ਹੈ ਕਿ ਜਲੰਧਰ ਤੋਂ ਸਾਡੇ ਪਿੰਡ ਨੂੰ ਤਿੰਨ ਵਾਰ ਲੋਕਲ ਬੱਸ ਜਾਂਦੀ ਹੈ, ਪਰ ਇਸ ਦੇ ਪਿੰਡ ਪਹੁੰਚਣ ਤੇ ਪਿੰਡੋਂ ਚੱਲਣ ਦੇ ਸਮਿਆਂ ਵਿਚ ਬੜੀ ਬੇਕਾਇਦਗੀ ਹੈ। ਇਸ ਬੱਸ ਦਾ ਸਵੇਰੇ ਸਾਡੇ ਪਿੰਡੋਂ ਚੱਲਣ ਦਾ ਸਮਾਂ ਅੱਠ ਵਜੇ ਹੈ, ਪਰ ਕੰਡਕਟਰ ਤੇ ਡਰਾਈਵਰ, ਜੋ ਕਿ ਨੇੜੇ ਦੇ ਪਿੰਡਾਂ ਤੋਂ ਆਉਂਦੇ ਹਨ, ਕਦੇ ਵੀ ਸਮੇਂ ਸਿਰ ਬੱਸ ਨੂੰ ਨਹੀਂ ਲੈ ਕੇ ਤੁਰਦੇ, ਜਿਸ ਕਰਕੇ ਡਿਊਟੀ ਤੇ ਪੁੱਜਣ ਵਾਲੇ ਮੁਸਾਫ਼ਰਾਂ ਅਤੇ ਵਿਦਿਆਰਥੀਆਂ ਨੂੰ ਬਹੁਤ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹ ਆਮ ਕਰਕੇ ਲੇਟ ਹੋ ਜਾਂਦੇ ਹਨ। ਇਸੇ ਪ੍ਰਕਾਰ ਜਦੋਂ ਉਹ ਦੁਪਹਿਰ ਨੂੰ ਬੱਸ ਲੈ ਕੇ ਜਾਂਦੇ ਹਨ, ਤਾਂ ਚਾਹ ਦੇ ਖੋਖੇ 'ਤੇ ਬੈਠ ਕੇ ਗੱਪਾ ਮਾਰਦੇ ਬੱਸ ਦੇ ਚੱਲਣ ਦਾ ਠੀਕ ਸਮਾਂ ਲੰਘਾ ਦਿੰਦੇ ਹਨ। ਰਾਤ ਨੂੰ ਇਹ ਬੱਸ ਕਦੇ ਵੀ ਸਵਾਰੀਆਂ ਠੀਕ ਸਮੇਂ ਸਿਰ ਲੈ ਕੇ ਪਿੰਡ ਨਹੀਂ ਪਹੁੰਚੀ।

ਦੂਸਰੇ ਇਸ ਬੱਸ ਦੀ ਹਾਲਤ ਵੀ ਚੰਗੀ ਨਹੀਂ। ਇਸ ਦੀਆਂ ਬਹੁਤ ਸਾਰੀਆਂ ਸੀਟਾਂ ਤੇ ਬਾਰੀਆਂ ਟੁੱਟੀਆਂ ਹੋਈਆਂ ਹਨ। ਇਸ ਦਾ ਇੰਜਣ ਵੀ ਆਮ ਕਰਕੇ ਖਰਾਬ ਹੀ ਰਹਿੰਦਾ ਹੈ ਤੇ ਟਾਇਰ ਹਰ ਦੂਜੇ ਚੌਥੇ ਦਿਨ ਪੈਂਚਰ ਹੋਏ ਰਹਿੰਦੇ ਹਨ, ਜਿਸ ਕਰਕੇ ਜਦੋਂ ਬੱਸ ਖਰਾਬ ਹੋ ਜਾਂਦੀ ਹੈ ਤਾਂ ਮੁਸਾਫਿਰਾਂ ਨੂੰ ਬਹੁਤ ਪਰੇਸ਼ਾਨੀ ਹੁੰਦੀ ਹੈ। ਇਸ ਨੂੰ ਦੇਖ ਕੇ ਲੋਕਾਂ ਵਿੱਚ ਮਸ਼ਹੂਰ ਇਹ ਤੁਕਾਂ ਆਮ ਚੇਤੇ ਆ ਜਾਂਦੀਆਂ ਹਨ :

ਰੋਡਵੇਜ਼ ਦੀਆਂ ਲਾਰੀਆਂ,
ਨਾ ਬੂਹੇ ਨਾ ਬਾਰੀਆਂ,
ਧੱਕਾ ਲਾਉਣ ਸਵਾਰੀਆਂ।

ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਾਡੇ ਪਿੰਡ ਤੱਕ ਦੀ ਬੱਸ ਸੇਵਾ ਨੂੰ ਸੁਧਾਰਨ ਲਈ ਤੁਰੰਤ ਧਿਆਨ ਦੇਵੋ।
ਧੰਨਵਾਦ ਸਹਿਤ।

ਆਪ ਦਾ ਵਿਸ਼ਵਾਸ-ਪਾਤਰ,
ਕਸਤੂਰੀ ਲਾਲ,
ਸਰਪੰਚ।

ਤਿਆਰ ਕਰਤਾ,
ਸੀਮਾ ਰਾਣੀ,
ਗੌਰਮਿੰਟ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਚੌਂਤਾ (ਲੁਧਿਆਣਾ)।